WWW.SIKHNET.COM

# ੴ

# ਜਪੁਜੀ ਸਾਹਿਬ

# JAPJI SAHIB

# ਜਪੁਜੀ ਸਾਹਿਬ
# Japujee Saahib

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**

Ik-ongkaar sat(i) naam(u) karataa purakh(u) nirabha-u niravair(u)

**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥॥ ਜਪੁ ॥**

Akaal moorat(i) ajoonee saibha(n) gur prasaad(i). Jap(u).

**ਆਦਿ ਸਚੁ ਜੁਗਾਦਿ ਸਚੁ ॥**

Aad(i) sach(u) jugaad(i) sach(u).

**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

Hai bhee sach(u) naanak hosee bhee sach(u). ||1||

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥**

Sochai soch(i) na hova-ee jay sochee lakh vaar.

**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥**

Chupai chup na hova-ee jay laa-i rahaa liv taar.

**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥**

Bhukhi-aa bhukh na utaree jay ba(n)naa puree-aa bhaar.

**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥**

Sahas si-aaṇapaa lakh hoh(i) ta ik na chalai naal(i).

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**

Kiv sachi-aaraa ho-ee-ai kiv kooṛai tuṭai paal(i).

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥**

Hukam(i) rajaa-ee chalaṇaa naanak likhi-aa naal(i). ||1||

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥**

Hukamee hovan(i) aakaar hukam(u) na kahi-aa jaa-ee.

**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥**

Hukamee hovan(i) jee-a hukam(i) milai vaḍi-aa-ee.

**ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥**

Hukamee utam(u) neech(u) hukam(i) likh(i) dukh sukh paa-ee-ah(i).

**ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥**

Ikanaa hukamee bakhasees ik(i) hukamee sadaa bhavaa-ee-ah(i).

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**

Hukamai a(n)dar(i) sabh(u) ko baahar(i) hukam na ko-i.

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥**

Naanak hukamai jay bujhai ta ha-umai kahai na ko-i. ||2||

**ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥**

Gaavai ko taaṇ(u) hovai kisai taaṇ(u).

**ਗਾਵੈ ਕੋ ਦਾਤਿ ਜਾਣੈ ਨੀਸਾਣੁ ॥**

Gaavai ko daat(i) jaaṇai neesaaṇ(u).

**ਗਾਵੈ ਕੋ ਗੁਣ ਵਡਿਆਈਆ ਚਾਰ ॥**

Gaavai ko guṇ vaḍi-aa-ee-aa chaar.

**ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥**

Gaavai ko vidi-aa vikham(u) veechaar(u).

**ਗਾਵੈ ਕੋ ਸਾਜਿ ਕਰੇ ਤਨੁ ਖੇਹ ॥**

Gaavai ko saaj(i) karay tan(u) khayh.

**ਗਾਵੈ ਕੋ ਜੀਅ ਲੈ ਫਿਰਿ ਦੇਹ॥**

Gaavai ko jee-a lai phir(i) dayh||

**ਗਾਵੈ ਕੋ ਜਾਪੈ ਦਿਸੈ ਦੂਰਿ ॥**

Gaavai ko jaapai disai door(i).

**ਗਾਵੈ ਕੋ ਵੇਖੈ ਹਾਦਰਾ ਹਦੂਰਿ ॥**

Gaavai ko vaykhai haadaraa hadoor(i).

**ਕਥਨਾ ਕਥੀ ਨ ਆਵੈ ਤੋਟਿ ॥**

Kat'hanaa kat'hee na aavai toṭ(i).

**ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥**

Kat'h(i) kat'h(i) kat'hee koṭee koṭ(i) koṭ(i).

**ਦੇਦਾ ਦੇ ਲੈਦੇ ਥਕਿ ਪਾਹਿ॥**

Daydaa day laiday t'hak(i) paahi||

**ਜੁਗਾ ਜੁਗੰਤਰਿ ਖਾਹੀ ਖਾਹਿ ॥**

Jugaa juga(n)tar(i) khaahee khaah(i).

**ਹੁਕਮੀ ਹੁਕਮੁ ਚਲਾਏ ਰਾਹੁ ॥**

Hukamee hukam(u) chalaa-ay raah(u).

**ਨਾਨਕ ਵਿਗਸੈ ਵੇਪਰਵਾਹੁ ॥੩॥**

Naanak vigasai vayparavaah(u). ||3||

**ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥**

Saachaa saahib(u) saach(u) naa-i bhaakhi-aa bhaa-u apaar(u).

**ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥**

Aakhah(i) ma(n)gah(i) dayh(i) dayh(i) daat(i) karay daataar(u).

**ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥**

Phayr(i) k(i) agai rakhee-ai jit(u) disai darabaar(u).

**ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥**

Muhau k(i) bolaṇ(u) bolee-ai jit(u) suṇ(i) dharay pi-aar(u).

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥**

A(n)mrit vaylaa sach(u) naa-u vaḍi-aa-ee veechaar(u).

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥**

Karamee aavai kapaṛaa nadaree mokh(u) du-aar(u).

**ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥**

Naanak ayvai jaaṇee-ai sabh(u) aapay sachi-aar(u). ||4||

**ਥਾਪਿਆ ਨ ਜਾਇ ਕੀਤਾ ਨ ਹੋਇ ॥**

T'haapi-aa na jaa-i keetaa na ho-i.

**ਆਪੇ ਆਪਿ ਨਿਰੰਜਨੁ ਸੋਇ ॥**

Aapay aap(i) nira(n)jan(u) so-i.

**ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥**

Jin(i) sayvi-aa tin(i) paa-i-aa maan(u).

**ਨਾਨਕ ਗਾਵੀਐ ਗੁਣੀ ਨਿਧਾਨੁ ॥**

Naanak gaavee-ai guṇee nidhaan(u).

**ਗਾਵੀਐ ਸੁਣੀਐ ਮਨਿ ਰਖੀਐ ਭਾਉ ॥**

Gaavee-ai suṇee-ai man(i) rakhee-ai bhaa-u.

**ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥**

Dukh(u) parahar(i) sukh(u) ghar(i) lai jaa-i.

**ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥**

Guramukh(i) naada(n) guramukh(i) vayda(n) guramukh(i) rahi-aa samaa-ee.

**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥**

Gur(u) eesar(u) gur(u) gorakh(u) baramaa gur(u) paarabatee maa-ee.

**ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥**

Jay ha-u jaaṇaa aakhaa naahee kahaṇaa kat'han(u) na jaa-ee.

**ਗੁਰਾ ਇਕ ਦੇਹਿ ਬੁਝਾਈ ॥**

Guraa ik dayh(i) bujhaa-ee.

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੫॥**

Sabhanaa jee-aa kaa ik(u) daataa so mai visar(i) na jaa-ee. ||5||

**ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥**

Teerat'h(i) naavaa jay tis(u) bhaavaa viṇ(u) bhaaṇay k(i) naa-i karee.

**ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥**

Jaytee siraṭ'h(i) upaa-ee vaykhaa viṇ(u) karamaa k(i) milai la-ee.

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥**

Mat(i) vich(i) ratan javaahar maaṇik jay ik gur kee sikh suṇee.

**ਗੁਰਾ ਇਕ ਦੇਹਿ ਬੁਝਾਈ ॥**

Guraa ik dayh(i) bujhaa-ee.

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥**

Sabhanaa jee-aa kaa ik(u) daataa so mai visar(i) na jaa-ee. ||6||

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥**

Jay jug chaaray aarajaa hor dasooṇee ho-i.

**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥**

Navaa kha(n)ḍaa vich(i) jaaṇee-ai naal(i) chalai sabh(u) ko-i.

**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥**

Cha(n)gaa naa-u rakhaa-i kai jas(u) keerat(i) jag(i) lay-i.

**ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥**

Jay tis(u) nadar(i) na aava-ee ta vaat na puchhai kay.

**ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥**

keeṭaa a(n)dar(i) keeṭ(u) kar(i) dosee dos(u) dharay.

**ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥**

Naanak niraguṇ(i) guṇ(u) karay guṇava(n)ti-aa guṇ(u) day.

**ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥**

Tayhaa ko-i na sujha-ee j(i) tis(u) guṇ(u) ko-i karay. ||7||

**ਸੁਣਿਐ ਸਿਧ ਪੀਰ ਸੁਰਿ ਨਾਥ ॥**

Suṇi-ai sidh peer sur(i) naat'h.

**ਸੁਣਿਐ ਧਰਤਿ ਧਵਲ ਆਕਾਸ ॥**

Suṇi-ai dharat(i) dhaval aakaas.

**ਸੁਣਿਐ ਦੀਪ ਲੋਅ ਪਾਤਾਲ ॥**

Suṇi-ai deep lo-a paataal.

**ਸੁਣਿਐ ਪੋਹਿ ਨ ਸਕੈ ਕਾਲੁ ॥**

Suṇi-ai poh(i) na sakai kaal(u).

**ਨਾਨਕ ਭਗਤਾ ਸਦਾ ਵਿਗਾਸੁ ॥**

Naanak bhagataa sadaa vigaas(u).

**ਸੁਣਿਐ ਦੂਖ ਪਾਪ ਕਾ ਨਾਸੁ ॥੮॥**

Suṇi-ai dookh paap kaa naas(u). ||8||

**ਸੁਣਿਐ ਈਸਰੁ ਬਰਮਾ ਇੰਦੁ ॥**

Suṇi-ai eesar(u) baramaa i(n)d(u).

**ਸੁਣਿਐ ਮੁਖਿ ਸਾਲਾਹਣ ਮੰਦੁ ॥**

Suṇi-ai mukh(i) saalaahaṇ ma(n)d(u).

**ਸੁਣਿਐ ਜੋਗ ਜੁਗਤਿ ਤਨਿ ਭੇਦ ॥**

Suṇi-ai jog jugat(i) tan(i) bhayd.

**ਸੁਣਿਐ ਸਾਸਤ ਸਿਮ੍ਰਿਤਿ ਵੇਦ ॥**

Suṇi-ai saasat simrit(i) vayd.

**ਨਾਨਕ ਭਗਤਾ ਸਦਾ ਵਿਗਾਸੁ ॥**

Naanak bhagataa sadaa vigaas(u).

**ਸੁਣਿਐ ਦੂਖ ਪਾਪ ਕਾ ਨਾਸੁ ॥੯॥**

Suṇi-ai dookh paap kaa naas(u). ||9||

**ਸੁਣਿਐ ਸਤੁ ਸੰਤੋਖੁ ਗਿਆਨੁ ॥**

Suṇi-ai sat(u) sa(n)tokh(u) gi-aan(u).

**ਸੁਣਿਐ ਅਠਸਠਿ ਕਾ ਇਸਨਾਨੁ ॥**

Suṇi-ai aṭ'hasaṭ'h(i) kaa isanaan(u).

**ਸੁਣਿਐ ਪੜਿ ਪੜਿ ਪਾਵਹਿ ਮਾਨੁ ॥**

Suṇi-ai paṛ(i) paṛ(i) paavah(i) maan(u).

**ਸੁਣਿਐ ਲਾਗੈ ਸਹਜਿ ਧਿਆਨੁ ॥**

Suṇi-ai laagai sahaj(i) dhi-aan(u).

**ਨਾਨਕ ਭਗਤਾ ਸਦਾ ਵਿਗਾਸੁ ॥**

Naanak bhagataa sadaa vigaas(u).

**ਸੁਣਿਐ ਦੂਖ ਪਾਪ ਕਾ ਨਾਸੁ ॥੧੦॥**

Suṇi-ai dookh paap kaa naas(u). ||10||

**ਸੁਣਿਐ ਸਰਾ ਗੁਣਾ ਕੇ ਗਾਹ ॥**

Suṇi-ai saraa guṇaa kay gaah.

**ਸੁਣਿਐ ਸੇਖ ਪੀਰ ਪਾਤਿਸਾਹ ॥**

Suṇi-ai saykh peer paatisaah.

**ਸੁਣਿਐ ਅੰਧੇ ਪਾਵਹਿ ਰਾਹੁ ॥**

Suṇi-ai a(n)dhay paavah(i) raah(u).

**ਸੁਣਿਐ ਹਾਥ ਹੋਵੈ ਅਸਗਾਹੁ ॥**

Suṇi-ai haat'h hovai asagaah(u).

**ਨਾਨਕ ਭਗਤਾ ਸਦਾ ਵਿਗਾਸੁ ॥**

Naanak bhagataa sadaa vigaas(u).

**ਸੁਣਿਐ ਦੂਖ ਪਾਪ ਕਾ ਨਾਸੁ ॥੧੧॥**

Suṇi-ai dookh paap kaa naas(u). ||11||

**ਮੰਨੇ ਕੀ ਗਤਿ ਕਹੀ ਨ ਜਾਇ ॥**

Ma(n)nay kee gat(i) kahee na jaa-i.

**ਜੇ ਕੋ ਕਹੈ ਪਿਛੈ ਪਛੁਤਾਇ ॥**

Jay ko kahai pichhai pachhutaa-i.

**ਕਾਗਦਿ ਕਲਮ ਨ ਲਿਖਣਹਾਰੁ ॥**

Kaagad(i) kalam na likhaṇahaar(u).

**ਮੰਨੇ ਕਾ ਬਹਿ ਕਰਨਿ ਵੀਚਾਰੁ ॥**

Ma(n)nay kaa bah(i) karan(i) veechaar(u).

**ਐਸਾ ਨਾਮੁ ਨਿਰੰਜਨੁ ਹੋਇ ॥**

Aisaa naam(u) nira(n)jan(u) ho-i.

**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥**

Jay ko ma(n)n(i) jaaṇai man(i) ko-i. ||12||

**ਮੰਨੈ ਸੁਰਤਿ ਹੋਵੈ ਮਨਿ ਬੁਧਿ ॥**

Ma(n)nai surat(i) hovai man(i) budh(i).

**ਮੰਨੈ ਸਗਲ ਭਵਣ ਕੀ ਸੁਧਿ ॥**

Ma(n)nai sagal bhavaṇ kee sudh(i).

**ਮੰਨੈ ਮੁਹਿ ਚੋਟਾ ਨਾ ਖਾਇ ॥**

Ma(n)nai muh(i) choṭaa naa khaa-i.

**ਮੰਨੈ ਜਮ ਕੈ ਸਾਥਿ ਨ ਜਾਇ ॥**

Ma(n)nai jam kai saat'h(i) na jaa-i.

**ਐਸਾ ਨਾਮੁ ਨਿਰੰਜਨੁ ਹੋਇ ॥**

Aisaa naam(u) nira(n)jan(u) ho-i.

**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥**

Jay ko ma(n)n(i) jaaṇai man(i) ko-i. ||13||

**ਮੰਨੈ ਮਾਰਗਿ ਠਾਕ ਨ ਪਾਇ ॥**

Ma(n)nai maarag(i) ṭ'haak na paa-i.

**ਮੰਨੈ ਪਤਿ ਸਿਉ ਪਰਗਟੁ ਜਾਇ ॥**

Ma(n)nai pat(i) si-u paragaṭ(u) jaa-i.

**ਮੰਨੈ ਮਗੁ ਨ ਚਲੈ ਪੰਥੁ ॥**

Ma(n)nai mag(u) na chalai pa(n)t'h(u).

**ਮੰਨੈ ਧਰਮ ਸੇਤੀ ਸਨਬੰਧੁ ॥**

Ma(n)nai dharam saytee sanaba(n)dh(u).

**ਐਸਾ ਨਾਮੁ ਨਿਰੰਜਨੁ ਹੋਇ ॥**

Aisaa naam(u) nira(n)jan(u) ho-i.

**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥**

Jay ko ma(n)n(i) jaaṇai man(i) ko-i. ||14||

**ਮੰਨੈ ਪਾਵਹਿ ਮੋਖੁ ਦੁਆਰੁ ॥**

Ma(n)nai paavah(i) mokh(u) du-aar(u).

**ਮੰਨੈ ਪਰਵਾਰੈ ਸਾਧਾਰੁ ॥**

Ma(n)nai paravaarai saadhaar(u).

**ਮੰਨੈ ਤਰੈ ਤਾਰੇ ਗੁਰੁ ਸਿਖ ॥**

Ma(n)nai tarai taaray gur(u) sikh.

**ਮੰਨੈ ਨਾਨਕ ਭਵਹਿ ਨ ਭਿਖ ॥**

Ma(n)nai naanak bhavah(i) na bhikh.

**ਐਸਾ ਨਾਮੁ ਨਿਰੰਜਨੁ ਹੋਇ ॥**

Aisaa naam(u) nira(n)jan(u) ho-i.

**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥**

Jay ko ma(n)n(i) jaaṇai man(i) ko-i. ||15||

**ਪੰਚ ਪਰਵਾਣ ਪੰਚ ਪਰਧਾਨੁ ॥**

Pa(n)ch paravaaṇ pa(n)ch paradhaan(u).

**ਪੰਚੇ ਪਾਵਹਿ ਦਰਗਹਿ ਮਾਨੁ ॥**

Pa(n)chay paavah(i) daragah(i) maan(u).

**ਪੰਚੇ ਸੋਹਹਿ ਦਰਿ ਰਾਜਾਨੁ ॥**
Pa(n)chay sohah(i) dar(i) raajaan(u).
**ਪੰਚਾ ਕਾ ਗੁਰੁ ਏਕੁ ਧਿਆਨੁ ॥**
Pa(n)chaa kaa gur(u) ayk(u) dhi-aan(u).
**ਜੇ ਕੋ ਕਹੈ ਕਰੈ ਵੀਚਾਰੁ ॥**
Jay ko kahai karai veechaar(u).
**ਕਰਤੇ ਕੈ ਕਰਣੈ ਨਾਹੀ ਸੁਮਾਰੁ ॥**
Karatay kai karaṇai naahee sumaar(u).
**ਧੌਲੁ ਧਰਮੁ ਦਇਆ ਕਾ ਪੂਤੁ ॥**
Dhaul(u) dharam(u) da-i-aa kaa poot(u).
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**
Sa(n)tokh(u) t'haap(i) rakhi-aa jin(i) soot(i).
**ਜੇ ਕੋ ਬੁਝੈ ਹੋਵੈ ਸਚਿਆਰੁ ॥**
Jay ko bujhai hovai sachi-aar(u).
**ਧਵਲੈ ਉਪਰਿ ਕੇਤਾ ਭਾਰੁ ॥**
Dhavalai upar(i) kaytaa bhaar(u).
**ਧਰਤੀ ਹੋਰੁ ਪਰੈ ਹੋਰੁ ਹੋਰੁ ॥**
Dharatee hor(u) parai hor(u) hor(u).
**ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥**
Tis tay bhaar(u) talai kavaṇ(u) jor(u).

ਜੀਅ ਜਾਤਿ ਰੰਗਾ ਕੇ ਨਾਵ ॥
Jee-a jaat(i) ra(n)gaa kay naav.
ਸਭਨਾ ਲਿਖਿਆ ਵੁੜੀ ਕਲਾਮ ॥
Sabhanaa likhi-aa vuṛee kalaam.
ਏਹੁ ਲੇਖਾ ਲਿਖਿ ਜਾਣੈ ਕੋਇ ॥
Ayh(u) laykhaa likh(i) jaaṇai ko-i.
ਲੇਖਾ ਲਿਖਿਆ ਕੇਤਾ ਹੋਇ ॥
Laykhaa likhi-aa kaytaa ho-i.
ਕੇਤਾ ਤਾਣੁ ਸੁਆਲਿਹੁ ਰੂਪੁ ॥
Kaytaa taaṇ(u) su-aalih(u) roop(u).
ਕੇਤੀ ਦਾਤਿ ਜਾਣੈ ਕੌਣੁ ਕੂਤੁ ॥
Kaytee daat(i) jaaṇai kauṇ(u) koot(u).
ਕੀਤਾ ਪਸਾਉ ਏਕੋ ਕਵਾਉ ॥
Keetaa pasaa-u ayko kavaa-u.
ਤਿਸ ਤੇ ਹੋਏ ਲਖ ਦਰੀਆਉ ॥
Tis tay ho-ay lakh daree-aa-u.
ਕੁਦਰਤਿ ਕਵਣ ਕਹਾ ਵੀਚਾਰੁ ॥
Kudarat(i) kavaṇ kahaa veechaar(u).
ਵਾਰਿਆ ਨ ਜਾਵਾ ਏਕ ਵਾਰ ॥
Vaari-aa na jaavaa ayk vaar.

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**

Jo tudh(u) bhaavai saa-ee bhalee kaar.

**ਤੂ ਸਦਾ ਸਲਾਮਤਿ ਨਿਰੰਕਾਰ ॥੧੬॥**

Too sadaa salaamat(i) nira(n) kaar. ||16||

**ਅਸੰਖ ਜਪ ਅਸੰਖ ਭਾਉ ॥**

Asa(n)kh jap asa(n)kh bhaa-u.

**ਅਸੰਖ ਪੂਜਾ ਅਸੰਖ ਤਪ ਤਾਉ ॥**

Asa(n)kh poojaa asa(n)kh tap taa-u.

**ਅਸੰਖ ਗਰੰਥ ਮੁਖਿ ਵੇਦ ਪਾਠ ॥**

Asa(n)kh gara(n)t'h mukh(i) vayd paaṭ'h.

**ਅਸੰਖ ਜੋਗ ਮਨਿ ਰਹਹਿ ਉਦਾਸ ॥**

Asa(n)kh jog man(i) rahah(i) udaas.

**ਅਸੰਖ ਭਗਤ ਗੁਣ ਗਿਆਨ ਵੀਚਾਰ ॥**

Asa(n)kh bhagat guṇ gi-aan veechaar.

**ਅਸੰਖ ਸਤੀ ਅਸੰਖ ਦਾਤਾਰ ॥**

Asa(n)kh satee asa(n)kh daataar.

**ਅਸੰਖ ਸੂਰ ਮੁਹ ਭਖ ਸਾਰ ॥**

Asa(n)kh soor muh bhakh saar.

**ਅਸੰਖ ਮੋਨਿ ਲਿਵ ਲਾਇ ਤਾਰ ॥**

Asa(n)kh mon(i) liv laa-i taar.

**ਕੁਦਰਤਿ ਕਵਣ ਕਹਾ ਵੀਚਾਰੁ ॥**

Kudarat(i) kavaṇ kahaa veechaar(u).

**ਵਾਰਿਆ ਨ ਜਾਵਾ ਏਕ ਵਾਰ ॥**

Vaari-aa na jaavaa ayk vaar.

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**

Jo tudh(u) bhaavai saa-ee
bhalee kaar.

**ਤੂ ਸਦਾ ਸਲਾਮਤਿ ਨਿਰੰਕਾਰ ॥੧੭॥**

Too sadaa salaamat(i)
nira(n)kaar. ||17||

**ਅਸੰਖ ਮੂਰਖ ਅੰਧ ਘੋਰ ॥**

Asa(n)kh moorakh a(n)dh ghor.

**ਅਸੰਖ ਚੋਰ ਹਰਾਮਖੋਰ ॥**

Asa(n)kh chor haraamakhor.

**ਅਸੰਖ ਅਮਰ ਕਰਿ ਜਾਹਿ ਜੋਰ ॥**

Asa(n)kh amar kar(i) jaah(i) jor.

**ਅਸੰਖ ਗਲਵਢ ਹਤਿਆ ਕਮਾਹਿ ॥**

Asa(n)kh galavaḍh hati-aa kamaah(i).

**ਅਸੰਖ ਪਾਪੀ ਪਾਪੁ ਕਰਿ ਜਾਹਿ ॥**
Asa(n)kh paapee paap(u) kar(i) jaah(i).
**ਅਸੰਖ ਕੂੜਿਆਰ ਕੂੜੇ ਫਿਰਾਹਿ ॥**
Asa(n)kh kooṛi-aar kooṛay phiraah(i).
**ਅਸੰਖ ਮਲੇਛ ਮਲੁ ਭਖਿ ਖਾਹਿ ॥**
Asa(n)kh malaychh mal(u) bhakh(i) khaah(i).
**ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥**
Asa(n)kh ni(n)dak sir(i) karah(i) bhaar(u).
**ਨਾਨਕੁ ਨੀਚੁ ਕਹੈ ਵੀਚਾਰੁ ॥**
Naanak(u) neech(u) kahai veechaar(u).
**ਵਾਰਿਆ ਨ ਜਾਵਾ ਏਕ ਵਾਰ ॥**
Vaari-aa na jaavaa ayk vaar.
**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**
Jo tudh(u) bhaavai saa-ee bhalee kaar.
**ਤੂ ਸਦਾ ਸਲਾਮਤਿ ਨਿਰੰਕਾਰ ॥੧੮॥**
Too sadaa salaamat(i) nira(n)kaar. ||18||
**ਅਸੰਖ ਨਾਵ ਅਸੰਖ ਥਾਵ ॥**
Asa(n)kh naav asa(n)kh t'haav.

**ਅਗੰਮ ਅਗੰਮ ਅਸੰਖ ਲੋਅ ॥**

Aga(n)m aga(n)m asa(n)kh lo-a.

**ਅਸੰਖ ਕਹਹਿ ਸਿਰਿ ਭਾਰੁ ਹੋਇ ॥**

Asa(n)kh kahah(i) sir(i) bhaar(u) ho-i.

**ਅਖਰੀ ਨਾਮੁ ਅਖਰੀ ਸਾਲਾਹ ॥**

Akharee naam(u) akharee saalaah.

**ਅਖਰੀ ਗਿਆਨੁ ਗੀਤ ਗੁਣ ਗਾਹ ॥**

Akharee gi-aan(u) geet guṇ gaah.

**ਅਖਰੀ ਲਿਖਣੁ ਬੋਲਣੁ ਬਾਣਿ ॥**

Akharee likhaṇ(u) bolaṇ(u) baaṇ(i).

**ਅਖਰਾ ਸਿਰਿ ਸੰਜੋਗੁ ਵਖਾਣਿ ॥**

Akharaa sir(i) sa(n)jog(u) vakhaaṇ(i).

**ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥**

Jin(i) ayh(i) likhay tis(u) sir(i) naah(i).

**ਜਿਵ ਫੁਰਮਾਏ ਤਿਵ ਤਿਵ ਪਾਹਿ ॥**

Jiv phuramaa-ay tiv tiv paah(i).

**ਜੇਤਾ ਕੀਤਾ ਤੇਤਾ ਨਾਉ ॥**

Jaytaa keetaa taytaa naa-u.

**ਵਿਣੁ ਨਾਵੈ ਨਾਹੀ ਕੋ ਥਾਉ ॥**
Viṇ(u) naavai naahee ko t'haa-u.
**ਕੁਦਰਤਿ ਕਵਣ ਕਹਾ ਵੀਚਾਰੁ ॥**
Kudarat(i) kavaṇ kahaa veechaar(u).
**ਵਾਰਿਆ ਨ ਜਾਵਾ ਏਕ ਵਾਰ ॥**
Vaari-aa na jaavaa ayk vaar.
**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**
Jo tudh(u) bhaavai saa-ee bhalee kaar.
**ਤੂ ਸਦਾ ਸਲਾਮਤਿ ਨਿਰੰਕਾਰ ॥੧੯॥**
Too sadaa salaamat(i) nira(n)kaar. ||19||
**ਭਰੀਐ ਹਥੁ ਪੈਰੁ ਤਨੁ ਦੇਹ ॥**
Bharee-ai hat'h(u) pair(u) tan(u) dayh.
**ਪਾਣੀ ਧੋਤੈ ਉਤਰਸੁ ਖੇਹ ॥**
Paaṇee dhotai utaras(u) khayh.
**ਮੂਤ ਪਲੀਤੀ ਕਪੜੁ ਹੋਇ ॥**
Moot paleetee kapaṛ(u) ho-i.
**ਦੇ ਸਾਬੂਣੁ ਲਈਐ ਓਹੁ ਧੋਇ ॥**
Day saabooṇ(u) la-ee-ai oh(u) dho-i.

**ਭਰੀਐ ਮਤਿ ਪਾਪਾ ਕੈ ਸੰਗਿ ॥**

Bharee-ai mat(i) paapaa kai sa(n)g(i).

**ਓਹੁ ਧੋਪੈ ਨਾਵੈ ਕੈ ਰੰਗਿ ॥**

Oh(u) dhopai naavai kai ra(n)g(i).

**ਪੁੰਨੀ ਪਾਪੀ ਆਖਣੁ ਨਾਹਿ ॥**

Pu(n)nee paapee aakhaṇ(u) naah(i).

**ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥**

Kar(i) kar(i) karaṇaa likh(i) lai jaah(u).

**ਆਪੇ ਬੀਜਿ ਆਪੇ ਹੀ ਖਾਹੁ ॥**

Aapay beej(i) aapay hee khaah(u).

**ਨਾਨਕ ਹੁਕਮੀ ਆਵਹੁ ਜਾਹੁ ॥੨੦॥**

Naanak hukamee aavah(u) jaah(u). ||20||

**ਤੀਰਥੁ ਤਪੁ ਦਇਆ ਦਤੁ ਦਾਨੁ ॥**

Teerat'h(u) tap(u) da-i-aa dat(u) daan(u).

**ਜੇ ਕੋ ਪਾਵੈ ਤਿਲ ਕਾ ਮਾਨੁ ॥**

Jay ko paavai til kaa maan(u).

**ਸੁਣਿਆ ਮੰਨਿਆ ਮਨਿ ਕੀਤਾ ਭਾਉ ॥**

Suṇi-aa ma(n)ni-aa man(i) keetaa bhaa-u.

**ਅੰਤਰਗਤਿ ਤੀਰਥਿ ਮਲਿ ਨਾਉ ॥**
A(n)taragat(i) teerat'h(i) mal(i) naa-u.
**ਸਭਿ ਗੁਣ ਤੇਰੇ ਮੈ ਨਾਹੀ ਕੋਇ ॥**
Sabh(i) guṇ tayray mai naahee ko-i.
**ਵਿਣੁ ਗੁਣ ਕੀਤੇ ਭਗਤਿ ਨ ਹੋਇ ॥**
Viṇ(u) guṇ keetay bhagat(i) na ho-i.
**ਸੁਅਸਤਿ ਆਥਿ ਬਾਣੀ ਬਰਮਾਉ ॥**
Su-asat(i) aat'h(i) baaṇee baramaa-u.
**ਸਤਿ ਸੁਹਾਣੁ ਸਦਾ ਮਨਿ ਚਾਉ ॥**
Sat(i) suhaaṇ(u) sadaa man(i) chaa-u.
**ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥**
Kavaṇ(u) s(u) vaylaa vakhat(u) kavaṇ(u) kavaṇ t'hit(i) kavaṇ(u) vaar(u).
**ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥**
Kavaṇ(i) s(i) rutee maah(u) kavaṇ(u) jit(u) ho-aa aakaar(u).
**ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥**
Vayl na paa-ee-aa pa(n)ḍatee j(i) hovai laykh(u) puraaṇ(u).

**ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥**

Vakhat(u) na paa-i-o kaadee-aa j(i) likhan(i) laykh(u) kuraaṇ(u).

**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥**

T'hit(i) vaar(u) naa jogee jaaṇai rut(i) maah(u) naa ko-ee.

**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥**

Jaa karataa siraṭ'hee ka-u saajay aapay jaaṇai so-ee.

**ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥**

Kiv kar(i) aakhaa kiv saalaahee ki-u varanee kiv jaaṇaa.

**ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥**

Naanak aakhaṇ(i) sabh(u) ko aakhai ik doo ik(u) si-aaṇaa.

**ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥**

Vaḍaa saahib(u) vaḍee naa-ee keetaa jaa kaa hovai.

**ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥**

Naanak jay ko aapau jaaṇai agai ga-i-aa na sohai. ||21||

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥**

Paataalaa paataal lakh aagaasaa aagaas.

**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥**

Oṛak oṛak bhaal(i) t'hakay vayd kahan(i) ik vaat.

**ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥**

Sahas aṭ'haarah kahan(i) kataybaa asuloo ik(u) dhaat(u).

**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥**

Laykhaa ho-i ta likhee-ai laykhai ho-i viṇaas(u).

**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥**

Naanak vaḍaa aakhee-ai aapay jaaṇai aap(u). ||22||

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥**

Saalaahee saalaah(i) aytee surat(i) na paa-ee-aa.

**ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥**

Nadee-aa atai vaah pavah(i) samu(n)d(i) na jaaṇee-ah(i).

**ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥**

Samu(n)d saah sulataan girahaa saytee maal(u) dhan(u).

**ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥**

Keeṛee tul(i) na hovanee jay tis(u) manah(u) na veesarah(i). ||23||

**ਅੰਤੁ ਨ ਸਿਫਤੀ ਕਹਣਿ ਨ ਅੰਤੁ ॥**

A(n)t(u) na siphatee kahaṇ(i) na a(n)t(u).

**ਅੰਤੁ ਨ ਕਰਣੈ ਦੇਣਿ ਨ ਅੰਤੁ ॥**

A(n)t(u) na karaṇai dayṇ(i) na a(n)t(u).

**ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥**

A(n)t(u) na vaykhaṇ(i) suṇaṇ(i) na a(n)t(u).

**ਅੰਤੁ ਨ ਜਾਪੈ ਕਿਆ ਮਨਿ ਮੰਤੁ ॥**

A(n)t(u) na jaapai ki-aa man(i) ma(n)t(u).

**ਅੰਤੁ ਨ ਜਾਪੈ ਕੀਤਾ ਆਕਾਰੁ ॥**

A(n)t(u) na jaapai keetaa aakaar(u).

**ਅੰਤੁ ਨ ਜਾਪੈ ਪਾਰਾਵਾਰੁ ॥**

A(n)t(u) na jaapai paaraavaar(u).

**ਅੰਤ ਕਾਰਣਿ ਕੇਤੇ ਬਿਲਲਾਹਿ ॥**

A(n)t kaaraṇ(i) kaytay bilalaah(i).

**ਤਾ ਕੇ ਅੰਤ ਨ ਪਾਏ ਜਾਹਿ ॥**

Taa kay a(n)t na paa-ay jaah(i).

**ਏਹੁ ਅੰਤੁ ਨ ਜਾਣੈ ਕੋਇ ॥**

Ayh(u) a(n)t(u) na jaaṇai ko-i.

**ਬਹੁਤਾ ਕਹੀਐ ਬਹੁਤਾ ਹੋਇ ॥**

Bahutaa kahee-ai bahutaa ho-i.

**ਵਡਾ ਸਾਹਿਬੁ ਊਚਾ ਥਾਉ ॥**

Vaḍaa saahib(u) oochaa t'haa-u.

**ਊਚੇ ਉਪਰਿ ਊਚਾ ਨਾਉ ॥**

Oochay upar(i) oochaa naa-u.

**ਏਵਡੁ ਊਚਾ ਹੋਵੈ ਕੋਇ ॥**

Ayvaḍ(u) oochaa hovai ko-i.

**ਤਿਸੁ ਊਚੇ ਕਉ ਜਾਣੈ ਸੋਇ ॥**

Tis(u) oochay ka-u jaaṇai so-i.

**ਜੇਵਡੁ ਆਪਿ ਜਾਣੈ ਆਪਿ ਆਪਿ ॥**

Jayvaḍ(u) aap(i) jaaṇai aap(i) aap(i).

**ਨਾਨਕ ਨਦਰੀ ਕਰਮੀ ਦਾਤਿ ॥੨੪॥**

Naanak nadaree karamee daat(i). ||24||

**ਬਹੁਤਾ ਕਰਮੁ ਲਿਖਿਆ ਨਾ ਜਾਇ ॥**

Bahutaa karam(u) likhi-aa naa jaa-i.

**ਵਡਾ ਦਾਤਾ ਤਿਲੁ ਨ ਤਮਾਇ ॥**

Vaḍaa daataa til(u) na tamaa-i.

**ਕੇਤੇ ਮੰਗਹਿ ਜੋਧ ਅਪਾਰ ॥**

Kaytay ma(n)gah(i) jodh apaar.

**ਕੇਤਿਆ ਗਣਤ ਨਹੀ ਵੀਚਾਰੁ ॥**

Kayti-aa gaṇat nahee veechaar(u).

**ਕੇਤੇ ਖਪਿ ਤੁਟਹਿ ਵੇਕਾਰ ॥**

Kaytay khap(i) tuṭah(i) vaykaar.

**ਕੇਤੇ ਲੈ ਲੈ ਮੁਕਰੁ ਪਾਹਿ ॥**

Kaytay lai lai mukar(u) paah(i).

**ਕੇਤੇ ਮੂਰਖ ਖਾਹੀ ਖਾਹਿ ॥**

Kaytay moorakh khaahee khaah(i).

**ਕੇਤਿਆ ਦੂਖ ਭੂਖ ਸਦ ਮਾਰ ॥**

Kayti-aa dookh bhookh sad maar.

**ਏਹਿ ਭਿ ਦਾਤਿ ਤੇਰੀ ਦਾਤਾਰ ॥**

Ayh(i) bh(i) daat(i) tayree daataar.

**ਬੰਦਿ ਖਲਾਸੀ ਭਾਣੈ ਹੋਇ ॥**

Ba(n)d(i) khalaasee bhaaṇai ho-i.

**ਹੋਰੁ ਆਖਿ ਨ ਸਕੈ ਕੋਇ ॥**

Hor(u) aakh(i) na sakai ko-i.

**ਜੇ ਕੋ ਖਾਇਕੁ ਆਖਣਿ ਪਾਇ ॥**

Jay ko khaa-ik(u) aakhaṇ(i) paa-i.

**ਓਹੁ ਜਾਣੈ ਜੇਤੀਆ ਮੁਹਿ ਖਾਇ ॥**

Oh(u) jaaṇai jaytee-aa muh(i) khaa-i.

**ਆਪੇ ਜਾਣੈ ਆਪੇ ਦੇਇ ॥**

Aapay jaaṇai aapay day-i.

**ਆਖਹਿ ਸਿ ਭਿ ਕੇਈ ਕੇਇ ॥**
Aakhah(i) s(i) bh(i) kay-ee kay-i.
**ਜਿਸ ਨੋ ਬਖਸੇ ਸਿਫਤਿ ਸਾਲਾਹ ॥**
Jis no bakhasay siphat(i) saalaah.
**ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥**
Naanak paatisaahee paatisaah(u).
||25||
**ਅਮੁਲ ਗੁਣ ਅਮੁਲ ਵਾਪਾਰ ॥**
Amul guṇ amul vaapaar.
**ਅਮੁਲ ਵਾਪਾਰੀਏ ਅਮੁਲ ਭੰਡਾਰ ॥**
Amul vaapaaree-ay amul bha(n)ḍaar.
**ਅਮੁਲ ਆਵਹਿ ਅਮੁਲ ਲੈ ਜਾਹਿ ॥**
Amul aavah(i) amul lai jaah(i).
**ਅਮੁਲ ਭਾਇ ਅਮੁਲਾ ਸਮਾਹਿ ॥**
Amul bhaa-i amulaa samaah(i).
**ਅਮੁਲੁ ਧਰਮੁ ਅਮੁਲੁ ਦੀਬਾਣੁ ॥**
amul(u) dharam(u) amul(u) deebaaṇ(u).
**ਅਮੁਲੁ ਤੁਲੁ ਅਮੁਲੁ ਪਰਵਾਣੁ ॥**
Amul(u) tul(u) amul(u) paravaaṇ(u).
**ਅਮੁਲੁ ਬਖਸੀਸ ਅਮੁਲੁ ਨੀਸਾਣੁ ॥**
Amul(u) bakhasees amul(u) neesaaṇ(u).

**ਅਮੁਲੁ ਕਰਮੁ ਅਮੁਲੁ ਫੁਰਮਾਣੁ ॥**

Amul(u) karam(u) amul(u) phuramaaṇ(u).

**ਅਮੁਲੋ ਅਮੁਲੁ ਆਖਿਆ ਨ ਜਾਇ ॥**

Amulo amul(u) aakhi-aa na jaa-i.

**ਆਖਿ ਆਖਿ ਰਹੇ ਲਿਵ ਲਾਇ ॥**

Aakh(i) aakh(i) rahay liv laa-i.

**ਆਖਹਿ ਵੇਦ ਪਾਠ ਪੁਰਾਣ ॥**

Aakhah(i) vayd paaṭ'h puraaṇ.

**ਆਖਹਿ ਪੜੇ ਕਰਹਿ ਵਖਿਆਣ ॥**

Aakhah(i) paṛay karah(i) vakhi-aaṇ.

**ਆਖਹਿ ਬਰਮੇ ਆਖਹਿ ਇੰਦ ॥**

Aakhah(i) baramay aakhah(i) i(n)d.

**ਆਖਹਿ ਗੋਪੀ ਤੈ ਗੋਵਿੰਦ ॥**

Aakhah(i) gopee tai govi(n)d.

**ਆਖਹਿ ਈਸਰ ਆਖਹਿ ਸਿਧ ॥**

Aakhah(i) eesar aakhah(i) sidh.

**ਆਖਹਿ ਕੇਤੇ ਕੀਤੇ ਬੁਧ ॥**

Aakhah(i) kaytay keetay budh.

**ਆਖਹਿ ਦਾਨਵ ਆਖਹਿ ਦੇਵ ॥**

Aakhah(i) daanav aakhah(i) dayv.

**ਆਖਹਿ ਸੁਰਿ ਨਰ ਮੁਨਿ ਜਨ ਸੇਵ ॥**

Aakhah(i) sur(i) nar mun(i) jan sayv.

**ਕੇਤੇ ਆਖਹਿ ਆਖਣਿ ਪਾਹਿ ॥**

Kaytay aakhah(i) aakhaṇ(i) paah(i).

**ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥**

Kaytay kah(i) kah(i) uṭ'h(i) uṭ'h(i) jaah(i).

**ਏਤੇ ਕੀਤੇ ਹੋਰਿ ਕਰੇਹਿ ॥**

aytay keetay hor(i) karayh(i).

**ਤਾ ਆਖਿ ਨ ਸਕਹਿ ਕੇਈ ਕੇਇ ॥**

Taa aakh(i) na sakah(i) kay-ee kay-i.

**ਜੇਵਡੁ ਭਾਵੈ ਤੇਵਡੁ ਹੋਇ ॥**

Jayvaḍ(u) bhaavai tayvaḍ(u) ho-i.

**ਨਾਨਕ ਜਾਣੈ ਸਾਚਾ ਸੋਇ ॥**

Naanak jaaṇai saachaa so-i.

**ਜੇ ਕੋ ਆਖੈ ਬੋਲੁਵਿਗਾੜੁ ॥**

Jay ko aakhai boluvigaaṛ(u).

**ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥**

Taa likhee-ai sir(i) gaavaaraa gaavaar(u). ||26||

**ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥**

So dar(u) kayhaa so ghar(u) kayhaa jit(u) bah(i) sarab samaalay.

**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥**

Vaajay naad anayk asa(n)khaa kaytay vaavaṇahaaray.

**ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥**

Kaytay raag paree si-u kahee-an(i) kaytay gaavaṇahaaray.

**ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥**

Gaavah(i) tuhano pa-uṇ(u) paaṇee baisa(n)tar(u) gaavai raajaa dharam(u) du-aaray.

**ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥**

Gaavah(i) chit(u) gupat(u) likh(i) jaaṇah(i) likh(i) likh(i) dharam(u) veechaaray.

**ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥**

Gaavah(i) eesar(u) baramaa dayvee sohan(i) sadaa savaaray.

**ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥**

Gaavah(i) i(n)d idaasaṇ(i) baiṭ'hay dayvati-aa dar(i) naalay.

**ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥**

Gaavah(i) sidh samaadhee a(n)dar(i) gaavan(i) saadh vichaaray.

**ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥**

Gaavan(i) jatee satee sa(n)tokhee gaavah(i) veer karaaray.

**ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥**

Gaavan(i) pa(n)ḍit paṛan(i) rakheesar jug(u) jug(u) vaydaa naalay.

**ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥**

Gaavah(i) mohaṇee-aa man(u) mohan(i) suragaa machh pa-i-aalay.

**ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥**

Gaavan(i) ratan upaa-ay tayray aṭ'hasaṭ'h(i) teerat'h naalay.

**ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥**

Gaavah(i) jodh mahaabal sooraa gaavah(i) khaaṇee chaaray.

**ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥**

Gaavah(i) kha(n)ḍ ma(n)ḍal varabha(n)ḍaa kar(i) kar(i) rakhay dhaaray.

**ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥**

Say-ee tudhuno gaavah(i) jo tudh(u) bhaavan(i) ratay tayray bhagat rasaalay.

**ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥**

Hor(i) kaytay gaavan(i) say mai chit(i) na aavan(i) naanak(u) ki-aa veechaaray.

**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥**

So-ee so-ee sadaa sach(u) saahib(u) saachaa saachee naa-ee.

**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥**

Hai bhee hosee jaa-i na jaasee rachanaa jin(i) rachaa-ee.

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥**

Ra(n)gee ra(n)gee bhaatee kar(i) kar(i) jinasee maa-i-aa jin(i) upaa-ee.

**ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥**

Kar(i) kar(i) vaykhai keetaa aapaṇaa jiv tis dee vaḍi-aa-ee.

**ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥**

Jo tis(u) bhaavai so-ee karasee hukam(u) na karaṇaa jaa-ee.

**ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥ ੨੭॥**

So paatisaah(u) saahaa paatisaahib(u) naanak rahaṇ(u) rajaa-ee. ||27||

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥**

Mu(n)daa sa(n)tokh(u) saram(u) pat(u) jholee dhi-aan kee karah(i) bibhoot(i).

**ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥**

Khi(n)t'haa kaal(u) ku-aaree kaa-i-aa jugat(i) ḍa(n)ḍaa parateet(i).

**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥**

Aa-ee pa(n)t'hee sagal jamaatee man(i) jeetai jag(u) jeet(u).

**ਆਦੇਸੁ ਤਿਸੈ ਆਦੇਸੁ ॥**

Aadays(u) tisai aadays(u).

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥**

Aad(i) aneel(u) anaad(i) anaahat(i) jug(u) jug(u) ayko vays(u). ||28||

**ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥**

Bhugat(i) gi-aan(u) da-i-aa bha(n)ḍaaraṇ(i) ghaṭ(i) ghaṭ(i) vaajah(i) naad.

**ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥**

Aap(i) naat'h(u) naat'hee sabh jaa kee ridh(i) sidh(i) avaraa saad.

**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥**

Sa(n)jog(u) vijog(u) du-i kaar chalaavah(i) laykhay aavah(i) bhaag.

**ਆਦੇਸੁ ਤਿਸੈ ਆਦੇਸੁ ॥**

Aadays(u) tisai aadays(u).

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥**

Aad(i) aneel(u) anaad(i) anaahat(i) jug(u) jug(u) ayko vays(u). ||29||

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**

Aykaa maa-ee jugat(i) vi-aa-ee tin(i) chaylay paravaaṇ(u).

**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥**

Ik(u) sa(n)saaree ik(u) bha(n)ḍaaree ik(u) laa-ay deebaaṇ(u).

**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**

Jiv tis(u) bhaavai tivai chalaavai jiv hovai phuramaaṇ(u).

**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**

Oh(u) vaykhai onaa nadar(i) na aavai bahutaa ayh(u) viḍaaṇ(u).

**ਆਦੇਸੁ ਤਿਸੈ ਆਦੇਸੁ ॥**

Aadays(u) tisai aadays(u).

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥**

Aad(i) aneel(u) anaad(i) anaahat(i) jug(u) jug(u) ayko vays(u). ||30||

**ਆਸਣੁ ਲੋਇ ਲੋਇ ਭੰਡਾਰ ॥**

Aasaṇ(u) lo-i lo-i bha(n)ḍaar.

**ਜੋ ਕਿਛੁ ਪਾਇਆ ਸੁ ਏਕਾ ਵਾਰ ॥**

Jo kichh(u) paa-i-aa s(u) aykaa vaar.

**ਕਰਿ ਕਰਿ ਵੇਖੈ ਸਿਰਜਣਹਾਰੁ ॥**

Kar(i) kar(i) vaykhai sirajaṇahaar(u).

**ਨਾਨਕ ਸਚੇ ਕੀ ਸਾਚੀ ਕਾਰ ॥**

Naanak sachay kee saachee kaar.

**ਆਦੇਸੁ ਤਿਸੈ ਆਦੇਸੁ ॥**

Aadays(u) tisai aadays(u).

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥**

Aad(i) aneel(u) anaad(i) anaahat(i) jug(u) jug(u) ayko vays(u). ||31||

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥**

Ik doo jeebhau lakh hoh(i) lakh hovah(i) lakh vees.

**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥**

Lakh(u) lakh(u) gayṛaa aakhee-ah(i) ayk(u) naam(u) jagadees.

**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥**

Ayt(u) raah(i) pat(i) pavaṛee-aa chaṛee-ai ho-i ikees.

**ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥**

Suṇ(i) galaa aakaas kee keeṭaa aa-ee rees.

**ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥**

Naanak nadaree paa-ee-ai kooṛee kooṛai ṭ'hees. ||32||

**ਆਖਣਿ ਜੋਰੁ ਚੁਪੈ ਨਹ ਜੋਰੁ ॥**

Aakhaṇ(i) jor(u) chupai nah jor(u).

**ਜੋਰੁ ਨ ਮੰਗਣਿ ਦੇਣਿ ਨ ਜੋਰੁ ॥**

Jor(u) na ma(n)gaṇ(i) dayṇ(i) na jor(u).

**ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥**

Jor(u) na jeevaṇ(i) maraṇ(i) nah jor(u).

**ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥**

Jor(u) na raaj(i) maal(i) man(i) sor(u).

**ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥**

Jor(u) na suratee gi-aan(i) veechaar(i).

**ਜੋਰੁ ਨ ਜੁਗਤੀ ਛੁਟੈ ਸੰਸਾਰੁ ॥**

Jor(u) na jugatee chhuṭai sa(n)saar(u).

**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥**

Jis(u) hat'h(i) jor(u) kar(i) vaykhai so-i.

**ਨਾਨਕ ਉਤਮੁ ਨੀਚੁ ਨ ਕੋਇ ॥੩੩॥**

Naanak utam(u) neech(u) na ko-i. ||33||

**ਰਾਤੀ ਰੁਤੀ ਥਿਤੀ ਵਾਰ ॥**

Raatee rutee t'hitee vaar.

**ਪਵਣ ਪਾਣੀ ਅਗਨੀ ਪਾਤਾਲ ॥**

Pavaṇ paaṇee aganee paataal.

**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥**

Tis(u) vich(i) dharatee t'haap(i) rakhee dharam saal.

**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥**

Tis(u) vich(i) jee-a jugat(i) kay ra(n)g.

**ਤਿਨ ਕੇ ਨਾਮ ਅਨੇਕ ਅਨੰਤ ॥**

Tin kay naam anayk ana(n)t.

**ਕਰਮੀ ਕਰਮੀ ਹੋਇ ਵੀਚਾਰੁ ॥**

Karamee karamee ho-i veechaar(u).

**ਸਚਾ ਆਪਿ ਸਚਾ ਦਰਬਾਰੁ ॥**

Sachaa aap(i) sachaa darabaar(u).

**ਤਿਥੈ ਸੋਹਨਿ ਪੰਚ ਪਰਵਾਣੁ ॥**

Tit'hai sohan(i) pa(n)ch paravaaṇ(u).

**ਨਦਰੀ ਕਰਮਿ ਪਵੈ ਨੀਸਾਣੁ ॥**

Nadaree karam(i) pavai neesaaṇ(u).

**ਕਚ ਪਕਾਈ ਓਥੈ ਪਾਇ ॥**

Kach pakaa-ee ot'hai paa-i.

**ਨਾਨਕ ਗਇਆ ਜਾਪੈ ਜਾਇ ॥੩੪॥**

Naanak ga-i-aa jaapai jaa-i. ||34||

**ਧਰਮ ਖੰਡ ਕਾ ਏਹੋ ਧਰਮੁ ॥**

Dharam kha(n)ḍ kaa ayho dharam(u).

**ਗਿਆਨ ਖੰਡ ਕਾ ਆਖਹੁ ਕਰਮੁ ॥**

Gi-aan kha(n)ḍ kaa aakhah(u) karam(u).

**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥**

Kaytay pavaṇ paaṇee vaisa(n)tar kaytay kaan mahays.

**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥**

Kaytay baramay ghaaṛat(i) ghaṛee-ah(i) roop ra(n)g kay vays.

**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥**

Kaytee-aa karam bhoomee mayr kaytay kaytay dhoo upadays.

**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**

Kaytay i(n)d cha(n)d soor kaytay kaytay ma(n)ḍal days.

**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥**

Kaytay sidh budh naat'h kaytay kaytay dayvee vays.

**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥**

Kaytay dayv daanav mun(i) kaytay kaytay ratan samu(n)d.

**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥**

Kaytee-aa khaaṇee kaytee-aa baaṇee kaytay paat nari(n)d.

**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥**

Kaytee-aa suratee sayvak kaytay naanak a(n)t(u) na a(n)t(u). ||35||

**ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥**

Gi-aan kha(n)ḍ mah(i) gi-aan(u) paracha(n)ḍ(u).

**ਤਿਥੈ ਨਾਦ ਬਿਨੋਦ ਕੋਡ ਅਨੰਦੁ ॥**

Tit'hai naad binod koḍ ana(n)d(u).

**ਸਰਮ ਖੰਡ ਕੀ ਬਾਣੀ ਰੂਪੁ ॥**

Saram kha(n)ḍ kee baaṇee roop(u).

**ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥**

Tit'hai ghaaṛat(i) ghaṛee-ai bahut(u) anoop(u).

**ਤਾ ਕੀਆ ਗਲਾ ਕਥੀਆ ਨਾ ਜਾਹਿ ॥**

Taa kee-aa galaa kat'hee-aa naa jaah(i).

**ਜੇ ਕੋ ਕਹੈ ਪਿਛੈ ਪਛੁਤਾਇ ॥**

Jay ko kahai pichhai pachhutaa-i.

**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥**

Tit'hai ghaṛee-ai surat(i) mat(i) man(i) budh(i).

**ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥**

Tit'hai ghaṛee-ai suraa sidhaa kee sudh(i). ||36||

**ਕਰਮ ਖੰਡ ਕੀ ਬਾਣੀ ਜੋਰੁ ॥**

Karam kha(n)ḍ kee baaṇee jor(u).

**ਤਿਥੈ ਹੋਰੁ ਨ ਕੋਈ ਹੋਰੁ ॥**

Tit'hai hor(u) na ko-ee hor(u).

**ਤਿਥੈ ਜੋਧ ਮਹਾਬਲ ਸੂਰ ॥**

Tit'hai jodh mahaabal soor.

**ਤਿਨ ਮਹਿ ਰਾਮੁ ਰਹਿਆ ਭਰਪੂਰ ॥**

Tin mah(i) raam(u) rahi-aa bharapoor.

**ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥**

Tit'hai seeto seetaa mahimaa maah(i).

**ਤਾ ਕੇ ਰੂਪ ਨ ਕਥਨੇ ਜਾਹਿ ॥**

Taa kay roop na kat'hanay jaah(i).

**ਨਾ ਓਹਿ ਮਰਹਿ ਨ ਠਾਗੇ ਜਾਹਿ ॥**

Naa oh(i) marah(i) na ṭ'haagay jaah(i).

**ਜਿਨ ਕੈ ਰਾਮੁ ਵਸੈ ਮਨ ਮਾਹਿ ॥**

Jin kai raam(u) vasai man maah(i).

**ਤਿਥੈ ਭਗਤ ਵਸਹਿ ਕੇ ਲੋਅ ॥**

Tit'hai bhagat vasah(i) kay lo-a.

**ਕਰਹਿ ਅਨੰਦੁ ਸਚਾ ਮਨਿ ਸੋਇ ॥**

Karah(i) ana(n)d(u) sachaa man(i) so-i.

**ਸਚ ਖੰਡਿ ਵਸੈ ਨਿਰੰਕਾਰੁ ॥**

Sach kha(n)ḍ(i) vasai nira(n)kaar(u).

**ਕਰਿ ਕਰਿ ਵੇਖੈ ਨਦਰਿ ਨਿਹਾਲ ॥**

Kar(i) kar(i) vaykhai nadar(i) nihaal.

**ਤਿਥੈ ਖੰਡ ਮੰਡਲ ਵਰਭੰਡ ॥**

Tit'hai kha(n)ḍ ma(n)ḍal varabha(n)ḍ.

**ਜੇ ਕੋ ਕਥੈ ਤ ਅੰਤ ਨ ਅੰਤ ॥**

Jay ko kat'hai ta a(n)t na a(n)t.

**ਤਿਥੈ ਲੋਅ ਲੋਅ ਆਕਾਰ ॥**

Tit'hai lo-a lo-a aakaar.

**ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥**

Jiv jiv hukam(u) tivai tiv kaar.

**ਵੇਖੈ ਵਿਗਸੈ ਕਰਿ ਵੀਚਾਰੁ ॥**

Vaykhai vigasai kar(i) veechaar(u).

**ਨਾਨਕ ਕਥਨਾ ਕਰੜਾ ਸਾਰੁ ॥੩੭॥**

Naanak kat'hanaa kararaa saar(u). ||37||

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥**

Jat(u) paahaaraa dheeraj(u) suni-aar(u).

**ਅਹਰਣਿ ਮਤਿ ਵੇਦੁ ਹਥੀਆਰੁ ॥**

Aharaṇ(i) mat(i) vayd(u) hat'hee-aar(u).

**ਭਉ ਖਲਾ ਅਗਨਿ ਤਪ ਤਾਉ ॥**

Bha-u khalaa agan(i) tap taa-u.

**ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥**

Bhaa(n)ḍaa bhaa-u a(n)mrit(u) tit(u) ḍhaal(i).

**ਘੜੀਐ ਸਬਦੁ ਸਚੀ ਟਕਸਾਲ ॥**

Ghaṛee-ai sabad(u) sachee ṭakasaal.

**ਜਿਨ ਕਉ ਨਦਰਿ ਕਰਮੁ ਤਿਨ ਕਾਰ ॥**

Jin ka-u nadar(i) karam(u) tin kaar.

**ਨਾਨਕ ਨਦਰੀ ਨਦਰਿ ਨਿਹਾਲ ॥੩੮॥**

Naanak nadaree nadar(i) nihaal. ||38||

**ਸਲੋਕੁ ॥**

**Salok(u).**

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**

Pavaṇ(u) guroo paaṇee pitaa maataa dharat(i) mahat(u).

**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**

Divas(u) raat(i) du-i daa-ee daa-i-aa khaylai sagal jagat(u).

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥**

Cha(n)gi-aa-ee-aa buri-aa-ee-aa vaachai dharam(u) hadoor(i).

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥**

Karamee aapo aapaṇee kay nayṛai kay door(i).

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**

Jinee naam(u) dhi-aa-i-aa ga-ay masakat(i) ghaal(i).

**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥**

Naanak tay mukh ujalay kaytee chhuṭee naal(i). ||1||

**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਹਿ ॥**

Waheguru Ji Ka Khalsa
Waheguru Ji Ki Fateh.